ਨੰਬਰ/F.C.A/1980/...55...
ਮਿਤੀ....22/4/2020

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।

ਸੇਵਾ ਵਿਖੇ:
ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ) ਅਤੇ
ਨੋਡਲ ਅਫਸਰ (ਐਫ.ਸੀ.ਏ),
ਪੰਜਾਬ, ਅਜੀਤਗੜ੍ਹ।

ਵਿਸ਼ਾ:- **Diversion of 0.0057 ha of forest land for approach road to M/s Batala College of education Belonging to Guru Nanak Educational welfare $ charitable Society at Village Dhabanwal, Batala-Fatehgarh churrian Road, Tehsil Batala, District Gurdaspur.**

ਯੂਜਰ ਏਜੰਸੀ (M/s Batala College of Education through GuruNanak Educational Welfare & Charitable Society (Reg)) ਨੇ ਵਣ ਰਕਬੇ ਦੀ ਡਾਈਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਲਈ ਭੇਜੀ ਹੈ। ਯੂਜਰ ਏਜੰਸੀ ਇਕ ਪ੍ਰਾਈਵੇਟ ਅਦਾਰਾ ਹੈ। ਇਸ ਵਿੱਚ ਕਾਲਜ ਦੀ ਉਸਾਰੀ ਲਈ ਫਾਰੈਸਟ ਸਟ੍ਰਿਪ ਦਾ 0.0057 ਹੈਕਟੇਅਰ ਵਣ ਰਕਬਾ ਡਾਈਵਰਸ਼ਨ ਹੁੰਦਾ ਹੈ ਅਤੇ ਇਸ ਕੇਸ ਵਿੱਚ ਕੋਈ ਵੀ ਰੁੱਖ ਜਾਂ ਪੌਦਾ ਪ੍ਰਭਾਵਿਤ ਨਹੀ ਹੁੰਦਾ ਹੈ। ਨਿਮਨਹਸਤਾਖਰ ਵੱਲੋਂ ਸਬੰਧਤ ਰਕਬੇ ਦਾ ਮਿਤੀ 21.4.2020 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ, ਜਿਸ ਦਾ ਲੋੜੀਦਾ ਸਰਟੀਫਿਕੇਟ ਤਜਵੀਜ ਲਈ ਪੰਨਾ ਨੰ: ..... ਤੇ ਹੈ।

ਇਸ ਕੇਸ ਵਿੱਚ ਕੰਪਨਸੇਟਰੀ ਅਫਾਰਸਟੇਸ਼ਨ ਲਈ 0.120 ਹੈਕਟੇਅਰ ਰਕਬਾ **Bajjuman Drain RD Canal Bridge-Kotla pul** ਵਿੱਚ ਚੁਣਿਆ ਗਿਆ ਹੈ।

ਸਬੰਧਤ ਯੂਜਰ ਏਜੰਸੀ ਵੱਲੋਂ ਕੰਪਨਸੇਟਰੀ ਅਫਾਰਸਟੇਸ਼ਨ ਲਈ ਬਣਦੀ ਰਕਮ 106223/- ਰੁਪਏ ਅਤੇ ਡਾਈਵਰਟ ਹੋਣ ਵਾਲੇ ਰਕਬੇ ਦੀ ਨੈਟ ਪ੍ਰੋਜੈਂਟ ਵੈਲਿਊ 6471.3/-ਰੁਪਏ ਕੁੱਲ 112694/- ਰੁਪਏ ਜਮਾਂ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ।

ਰੇਂਜ ਅਫਸਰ ਅਲੀਵਾਲ ਅਤੇ ਨਿਮਨਹਸਤਾਖਰ ਵੱਲੋਂ ਇਸ ਕੇਸ ਦੀ ਪ੍ਰਵਾਨਗੀ ਲਈ ਸਿਫਾਰਿਸ਼ ਕੀਤੀ ਜਾਂਦੀ ਹੈ।

ਸਬੰਧਤ ਯੂਜਰ ਏਜੰਸੀ ਵੱਲੋਂ ਪੰਜਾਬ ਸਰਕਾਰ ਦੀ ਪਾਲਸੀ ਅਨੁਸਾਰ ਡਾਇਵਰਟ ਹੋਣ ਵਾਲੇ ਰਕਬੇ ਦੇ ਬਦਲੇ ਬਣਦੀ ਕੀਮਤ ਦੇਣ ਲਈ ਅੰਡਰਟੇਕਿੰਗ ਦਿੱਤੀ ਗਈ ਹੈ।

ਰੇਂਜ ਅਫਸਰ ਅਲੀਵਾਲ ਵੱਲੋਂ ਰਿਪੋਟ ਕੀਤੀ ਗਈ ਹੈ ਕਿ ਯੂਜਰ ਏਜੰਸੀ ਵੱਲੋਂ ਮੌਕੇ ਤੇ ਕੱਚਾ ਰਸਤਾ ਬਣਾਇਆ ਸੀ, ਜਿਸ ਦੀ ਯੂਜਰ ਏਜੰਸੀ ਵਿਰੁੱਧ DR No 889675 ਮਿਤੀ 18.2.2020 ਮਿਤੀ ਚਾੱਕ ਕਰਕੇ ਬਣਦਾ ਮੁਆਵਜਾ ਲੈ ਲਿਆ ਹੈ। ਯੂਜਰ ਏਜੰਸੀ ਵੱਲੋਂ ਗਰੀਨਿੰਗ ਪੰਜਾਬ ਮਿਸ਼ਨ ਅਧੀਨ 2850/- ਰੁਪਏ ਆਨਲਾਈਨ ਰਾਂਹੀ ਜਮ੍ਹਾਂ ਕਰਵਾ ਦਿੱਤੇ ਹਨ, ਜਿਸ ਦੀ ਰਸੀਦ ਨਾਲ ਨੱਥੀ ਹੈ ਅਤੇ ਪ੍ਰੋਸੈਸਿੰਗ ਫੀਸ 2000/- ਰੁਪਏ ਵੀ ਜਮਾਂ ਕਰਵਾ ਦਿੱਤੀ ਗਈ ਹੈ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਵਣ ਸੁਰੱਖਿਆ ਐਕਟ 1980 ਦੇ ਸੈਕਸ਼ਨ 2 ਤਹਿਤ ਤਜਵੀਜ ਸਿਫਾਰਸ਼ ਸਹਿਤ 2 ਪੜਤਾਂ ਵਿੱਚ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।

ਨੱਥੀ/ਸਹਿਪੱਤਰ

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ। 21/4/2020

ਪਿੱਠ ਅੰਕਣ ਨੰ: ............................ ਮਿਤੀ........................

1) ਇਸ ਦੀ ਇੱਕ ਨਕਲ ਵਣ ਪਾਲ, ਬਿਸਤ ਸਰਕਲ, ਪੰਜਾਬ, ਜਲੰਧਰ ਜੀ ਨੂੰ ਇੱਕ ਪੜਤ ਵਿੱਚ ਸੂਚਨਾਂ ਅਤੇ ਅਗਲੀ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।
2) ਇਸ ਦੀ ਇੱਕ ਨਕਲ M/s Batala College of Education through GuruNanak Educational Welfare & Charitable Society (Reg) Village Bullowal P.O Aliwal Tehsil $ district Gurdaspur ਨੂੰ ਸੂਚਨਾ ਲਈ ਭੇਜੀ ਜਾਂਦੀ ਹੈ।
3) ਇਸ ਦੀ ਇੱਕ ਨਕਲ ਰੇਂਜ ਅਫਸਰ ਅਲੀਵਾਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਦ ਤੱਕ ਉਕਤ ਕੇਸ ਦੀ ਫਾਈਨਲ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ ਉਦੋਂ ਤੱਕ ਯੂਜਰ ਏਜੰਸੀ ਵਲੋਂ ਮੌਕੇ ਤੇ ਐਫ.ਸੀ.ਏ. 1980 ਦੀ ਕੋਈ ਉਲੰਘਣਾ ਨਾ ਕੀਤੀ ਜਾਵੇ ਜੇਕਰ ਯੂਜਰ ਏਜੰਸੀ ਵੱਲੋਂ ਮੌਕੇ ਤੇ ਐਫ.ਸੀ.ਏ 1980 ਦੀ ਉਲੰਘਣਾ ਹੁੰਦੀ ਹੈ ਤਾਂ ਇਸਦੀ ਨਿੱਜੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ/ਸਹਿਪੱਤਰ

ਵਣ ਮੰਡਲ ਅਫਸਰ,
ਗੁਰਦਾਸਪੁਰ ਵਣ ਮੰਡਲ,
ਗੁਰਦਾਸਪੁਰ।